# ReSPECT


(ਰਿਸਪੈਕਟ)

ਐਮਰਜੈਂਸੀ ਦੇਖਭਾਲ ਅਤੇ ਇਲਾਜ ਲਈ ਸਿਫਾਰਸ਼ ਕੀਤੀ ਸੰਖੇਪ ਯੋਜਨਾ

## ਜਾਣ-ਪਹਿਚਾਣ

ਸੰਕਟਮਈ ਸਥਿਤੀ ਵਿੱਚ, ਸਿਹਤ ਪੇਸ਼ੇਵਰਾਂ ਨੂੰ ਤੁਹਾਡੇ ਇਲਾਜ ਬਾਰੇ ਤੁਰੰਤ ਫੈਸਲੇ ਲੈਣੇ ਪੈ ਸਕਦੇ ਹਨ, ਅਤੇ ਤੁਸੀਂ ਐਨੇ ਤੰਦਰੁਸਤ ਨਹੀਂ ਹੋ ਸਕਦੇ ਕਿ ਤੁਸੀਂ ਚੋਣਾਂ ਕਰਨ ਲਈ ਭਾਗ ਲੈ ਸਕੋ। **ਰਿਸਪੈਕਟ** (**ReSPECT**) ਪ੍ਰਕਿਰਿਆ ਤੁਹਾਨੂੰ ਸਿਹਤ ਪੇਸ਼ੇਵਰਾਂ ਨੂੰ ਸੇਧ ਦੇਣ ਦੇ ਸਮਰੱਥ ਬਣਾਏਗੀ ਕਿ ਤੁਸੀਂ ਕਿਹੜੇ ਇਲਾਜਾਂ ਬਾਰੇ ਵਿਚਾਰ ਕਰਵਾਉਣਾ ਚਾਹੋਗੇ ਅਤੇ ਕਿਹੜਿਆਂ ਬਾਰੇ ਅਜਿਹਾ ਨਹੀਂ ਚਾਹੋਗੇ। ਇਹ ਉਨ੍ਹਾਂ ਚੀਜ਼ਾਂ ਨੂੰ ਵੀ ਰਿਕਾਰਡ ਕਰ ਸਕਦੀ ਹੈ ਜੋ ਤੁਹਾਡੇ ਲਈ ਸਭ ਤੋਂ ਮਹੱਤਵਪੂਰਨ ਹਨ ਅਤੇ ਜਿਨ੍ਹਾਂ ਨੂੰ ਤਰਜੀਹ ਦੇਣੀ ਚਾਹੀਦੀ ਹੈ, ਅਤੇ ਇਸ ਦੇ ਨਾਲ-ਨਾਲ ਉਨ੍ਹਾਂ ਇਲਾਜਾਂ ਨੂੰ ਜੋ ਤੁਹਾਡੇ ਲਈ ਕੰਮ ਨਹੀਂ ਆਉਣਗੇ।

ਜਿਉਂਦੇ ਰਹਿਣ ਦੀ ਸਹਾਇਤਾ ਲਈ ਬਹੁਤੇ ਇਲਾਜਾਂ ਵਿੱਚ ਨੁਕਸਾਨ ਪਹੁੰਚਣ, ਬੇਆਰਾਮੀ ਹੋਣ ਅਤੇ ਸਵੈ-ਮਾਣ ਦੇ ਨਾ ਰਹਿਣ ਦਾ ਜਾਂ ਹਸਪਤਾਲ ਵਿੱਚ ਮੌਤ ਹੋਣ ਦਾ ਜੋਖਮ ਹੁੰਦਾ ਹੈ ਜਦੋਂ ਕਿ ਹੋ ਸਕਦਾ ਹੈ ਕਿ ਤੁਸੀਂ ਘਰ ਰਹਿਣਾ ਚਾਹੁੰਦੇ ਸੀ। ਬਹੁਤੇ ਲੋਕ ਉਨ੍ਹਾਂ ਜੋਖਮਾਂ ਦੀ ਚੋਣ ਨਾ ਕਰਨ ਦਾ ਫੈਸਲਾ ਕਰਦੇ ਹਨ ਜੇ ਇਲਾਜ ਦੇ ਫਾਇਦੇ ਦੀ ਸੰਭਾਵਨਾ ਥੋੜ੍ਹੀ ਹੁੰਦੀ ਹੈ। ਭਾਵੇਂ ਤੁਸੀਂ ਜ਼ਿੰਦਗੀ ਦੇ ਕਿਸੇ ਵੀ ਪੜਾਅ ਵਿੱਚ ਹੁੰਦੇ ਹੋ, **ਰਿਸਪੈਕਟ** (**ReSPECT**) ਫਾਰਮ ਐਮਰਜੈਂਸੀ ਸਥਿਤੀਆਂ ਲਈ ਤਰਜੀਹਾਂ ਅਤੇ ਸਿਫਾਰਸ਼ਾਂ ਰਿਕਾਰਡ ਕਰ ਸਕਦਾ ਹੈ।



## ਅੱਗੇ ਦਿੱਤੀ ਜਗਾ੍ਹ ਤੁਹਾਡੇ ਲਈ ਕਿਸੇ ਵੀ ਪਰ੍ਸ਼ਨਾਂ ਨੂੰ ਲਿਖਣ ਲਈ ਹੈ ਜਿਨ੍ਹਾਂ ਨੂੰ ਤੁਸੀਂ ਪੁੱਛਣ ਦੇ ਇਛੁੱਕ ਹੋ ਸਕਦੇ ਹੋ:

**ਰਿਸਪੈਕਟ (ReSPECT)** ਬਾਰੇ ਅਗਲੇਰੀ ਜਾਣਕਾਰੀ ਲੈਣ ਲਈ ਕਿਰਪਾ ਕਰਕੇ ਇੱਥੇ ਜਾਓ:

**www.respectprocess.org.uk**

Joined Up Care Derbyshire

MI_8755414_30.07.21_V1

G031810

NHS


# ReSPECT

(ਰਿਸਪੈਕਟ)

ਇਨ੍ਹਾਂ ਲਈ ਐਮਰਜੈਂਸੀ ਦੇਖਭਾਲ ਅਤੇ ਇਲਾਜ ਲਈ ਸਿਫਾਰਸ਼ ਕੀਤੀ ਸੰਖੇਪ ਯੋਜਨਾ:

**R**ecommended **S**ummary **P**lan for **E**mergency **C**are & **T**reatment

## ਇੱਕ ਐਮਰਜੈਂਸੀ ਵਿੱਚ ਤੁਹਾਡੇ ਨਾਲ ਕੀ ਹੋਣਾ ਚਾਹੀਦਾ ਹੈ?




## ਮਰੀਜ਼ਾਂ ਅਤੇ ਦੇਖਭਾਲਕਰਤਾਵਾਂ ਲਈ ਜਾਣਕਾਰੀ

## ਰਿਸਪੈਕਟ (ReSPECT) ਕੀ ਹੈ?

**ਰਿਸਪੈਕਟ** (**ReSPECT**) ਇੱਕ ਅਜਿਹੀ ਪ੍ਰਕਿਰਿਆ ਹੈ ਜਿੱਥੇ ਤੁਸੀਂ ਅਤੇ ਸਿਹਤ-ਸੰਭਾਲ ਟੀਮ ਇਕੱਠੇ ਹੋ ਕੇ ਗੱਲ ਕਰਦੇ ਹੋ ਅਤੇ ਭਵਿੱਖ ਦੇ ਸੰਭਾਵੀ ਐਮਰਜੈਂਸੀ ਇਲਾਜ ਲਈ ਇੱਕ ਵਿਅਕਤੀਗਤ ਬਣਾਈ ਯੋਜਨਾ ਤਿਆਰ ਕਰਦੇ ਹੋ - ਜੋ ਇਹ ਯਕੀਨੀ ਬਣਾਉਣ ਲਈ ਹੁੰਦੀ ਹੈ ਕਿ ਤੁਹਾਡਾ ਆਪਣੀ ਵਿਅਕਤੀਗਤ ਸਥਿਤੀ ਲਈ ਸੰਭਵ ਹੱਦ ਤੱਕ ਬਿਹਤਰੀਨ ਇਲਾਜ ਹੁੰਦਾ ਹੈ।

ਡਾਕਟਰਾਂ ਅਤੇ ਨਰਸਾਂ ਲਈ ਇਹ ਜਾਣਨਾ ਮਹੱਤਵਪੂਰਨ ਹੁੰਦਾ ਹੈ ਕਿ ਤੁਸੀਂ ਇੱਕ ਮਰੀਜ਼ ਦੇ ਤੌਰ 'ਤੇ ਕਿਵੇਂ ਇਲਾਜ ਕਰਵਾਉਣਾ ਚਾਹੁੰਦੇ ਹੋ - ਤਾਂ ਜੋ ਉਹ ਤੁਹਾਡੀਆਂ ਇੱਛਾਵਾਂ ਦਾ ਸਤਿਕਾਰ ਕਰ ਸਕਣ।


ਸਿਹਤ-ਸੰਭਾਲ ਟੀਮ ਕੋਲ ਇਸ ਬਾਰੇ ਡਾਕਟਰੀ ਜਾਣਕਾਰੀ ਹੁੰਦੀ ਹੈ ਕਿ ਤੁਹਾਡੇ ਲਈ ਕਿਹੜੇ ਵੱਖ-ਵੱਖ ਐਮਰਜੈਂਸੀ ਇਲਾਜ ਮਦਦਗਾਰ ਹੋ ਸਕਦੇ ਹਨ - ਪਰ ਇਨ੍ਹਾਂ ਐਮਰਜੈਂਸੀ ਇਲਾਜਾਂ ਬਾਰੇ ਪਹਿਲਾਂ ਤੋਂ ਹੀ ਤੁਹਾਡੀਆਂ ਇੱਛਾਵਾਂ ਅਤੇ ਨਜ਼ਰੀਏ ਬਾਰੇ ਪਤਾ ਹੋਣਾ ਬਹੁਤ ਹੀ ਉਪਯੋਗੀ ਹੁੰਦਾ ਹੈ। ਇਹ ਭਵਿੱਖ ਦੀ ਸੰਕਟਮਈ ਸਥਿਤੀ ਵਿੱਚ ਖਾਸ ਤੌਰ 'ਤੇ ਮਹੱਤਵਪੂਰਨ ਹੁੰਦਾ ਹੈ ਜਿੱਥੇ ਤੁਸੀਂ ਐਨੇ ਬਿਮਾਰ ਹੋ ਸਕਦੇ ਹੋ ਕਿ ਤੁਸੀਂ ਆਪਣੀ ਰਾਏ ਦਾ ਇਜ਼ਹਾਰ ਨਹੀਂ ਕਰ ਸਕਦੇ।

ਤੁਹਾਡੇ ਨਾਲ ਇਸ ਬਾਰੇ ਵਿਸਥਾਰ ਵਿੱਚ ਚਰਚਾ ਕਰਕੇ, ਡਾਕਟਰ ਜਾਂ ਇੱਕ ਨਰਸ ਇੱਕ ਫਾਰਮ ਮੁਕੰਮਲ ਕਰਨਗੇ ਜੋ ਤੁਹਾਡੀ **ਰਿਸਪੈਕਟ** (**ReSPECT**) ਯੋਜਨਾ ਦਾ ਸਾਰ ਦੇਵੇਗਾ। ਫਾਰਮ ਵਿੱਚ ਕਿਸੇ ਹੋਰ ਮਹੱਤਵਪੂਰਨ ਯੋਜਨਾ ਦਸਤਾਵੇਜ਼ਾਂ, ਜੋ ਤੁਹਾਡੇ ਕੋਲ ਹਨ, (ਜਿਵੇਂ ਕਿ ਇਲਾਜ ਤੋਂ ਇਨਕਾਰ ਕਰਨ ਲਈ ਅਗਾਊਂ ਨਿਰਦੇਸ਼ ਜੋ ਲਿਵਿੰਗ ਵਿੱਲ ਵੱਜੋਂ ਵੀ ਜਾਣਿਆ ਜਾਂਦਾ ਹੈ) ਨੂੰ ਲਿਖਣ ਲਈ ਵੀ ਇੱਕ ਥਾਂ ਸ਼ਾਮਲ ਹੁੰਦੀ ਹੈ ਅਤੇ ਇਸ ਵਿੱਚ ਇਹ ਗੱਲ ਦਸਤਾਵੇਜ਼ਤ ਕਰਨ ਲਈ ਵੀ ਜਗ੍ਹਾ ਹੁੰਦੀ ਹੈ ਕਿ ਐਮਰਜੈਂਸੀ ਵਿੱਚ ਕਿਸ ਨਾਲ ਸੰਪਰਕ ਕਰਨਾ ਚਾਹੀਦਾ ਹੈ।

**ਰਿਸਪੈਕਟ** (**ReSPECT**) ਫਾਰਮ ਤੁਹਾਡੇ ਕੋਲ ਘਰ ਵਿੱਚ ਹੀ ਰੱਖਿਆ ਜਾਂਦਾ ਹੈ - ਤਾਂ ਜੋ ਤੁਸੀਂ ਜਾਂ ਤੁਹਾਡਾ ਦੇਖਭਾਲਕਰਤਾ ਐਮਰਜੈਂਸੀ ਵਿੱਚ ਸਿਹਤ ਪੇਸ਼ੇਵਰਾਂ ਨੂੰ ਇਹ ਦਿਖਾ ਸਕੇ।

ਜੇ ਤੁਸੀਂ ਹਸਪਤਾਲ ਆਉਂਦੇ ਹੋ ਤਾਂ ਆਪਣਾ **ਰਿਸਪੈਕਟ** (**ReSPECT**) ਫਾਰਮ ਆਪਣੇ ਨਾਲ ਲਿਆਉਣਾ ਬਹੁਤ ਮਹੱਤਵਪੂਰਨ ਹੈ।


**ਰਿਸਪੈਕਟ** (**ReSPECT**) ਫਾਰਮ ਨੂੰ ਕਿਸੇ ਵੀ ਹਸਪਤਾਲ ਠਹਿਰਾਓ ਦੌਰਾਨ ਡਾਕਟਰੀ ਵੇਰਵਿਆਂ ਵਿੱਚ ਰੱਖਿਆ ਜਾਂਦਾ ਹੈ, ਪਰ ਫੇਰ ਛੁੱਟੀ ਮਿਲਣ 'ਤੇ ਤੁਹਾਨੂੰ ਵਾਪਸ ਦੇ ਦਿੱਤਾ ਜਾਂਦਾ ਹੈ।



## ਫੈਸਲੇ ਕੌਣ ਕਰਦਾ ਹੈ?

ਤੁਹਾਡੇ ਵਿਚਾਰ ਅਹਿਮ ਹਨ। ਸਿਹਤ ਪੇਸ਼ੇਵਰ ਤੁਹਾਡੇ ਨਾਲ ਸਾਂਝੀ ਸਹਿਮਤੀ ਵਾਲੀ ਯੋਜਨਾ ਬਣਾਉਣ ਲਈ ਹਰੇਕ ਕੋਸ਼ਿਸ਼ ਕਰਨਗੇ। ਪਰ ਇਹ ਗੱਲ ਸਮਝਣੀ ਮਹੱਤਵਪੂਰਨ ਹੈ ਕਿ **ਰਿਸਪੈਕਟ** (**ReSPECT**) ਫਾਰਮ ਨੂੰ ਉਨ੍ਹਾਂ ਇਲਾਜਾਂ ਦੀ ਮੰਗ ਕਰਨ ਲਈ ਨਹੀਂ ਵਰਤਿਆ ਜਾ ਸਕਦਾ ਜੋ ਸੰਭਾਵੀ ਰੂਪ ਵਿੱਚ ਤੁਹਾਨੂੰ ਲਾਭ ਨਹੀਂ ਪਹੁੰਚਾਉਂਦੇ ਅਤੇ ਜਿਨ੍ਹਾਂ ਦੀ ਪੇਸ਼ਕਸ਼ ਨਹੀਂ ਕੀਤੀ ਜਾਂਦੀ। **ਰਿਸਪੈਕਟ** (**ReSPECT**) ਯੋਜਨਾ ਵਿੱਚ ਦਿੱਤੀਆਂ ਸਿਫਾਰਸ਼ਾਂ ਕਾਨੂੰਨੀ ਬੰਧੇਜ ਵਾਲੀਆਂ ਨਹੀਂ ਹੁੰਦੀਆਂ, ਬਲਕਿ ਉਹ ਐਮਰਜੈਂਸੀ ਸਿਹਤ-ਸੰਭਾਲ ਟੀਮ ਲਈ ਸੇਧ ਹੁੰਦੀਆਂ ਹਨ।

## ਕਿਸ ਤਰ੍ਹਾਂ ਦੇ ਇਲਾਜਾਂ ਨੂੰ ਸ਼ਾਮਿਲ ਕੀਤਾ ਜਾਂਦਾ ਹੈ?



ਸਿਹਤ ਪੇਸ਼ੇਵਰ ਤੁਹਾਡੇ ਨਾਲ ਵੱਖ-ਵੱਖ ਤਰ੍ਹਾਂ ਦੇ ਇਲਾਜ ਵਿਕਲਪਾਂ ਬਾਰੇ ਵਿਚਾਰ-ਵਟਾਂਦਰਾ ਕਰਨਗੇ ਅਤੇ ਇਸ ਦੇ ਸਾਰ ਨੂੰ ਫਾਰਮ ਉੱਤੇ ਦਸਤਾਵੇਜ਼ਤ ਕੀਤਾ ਜਾਵੇਗਾ।

ਕਾਰਡੀਓਪਲਮਨਰੀ ਰਿਸਸੀਟੇਸ਼ਨ (CPR) ਬਾਰੇ ਫੈਸਲੇ ਦਸਤਾਵੇਜ਼ਤ ਕਰਨ ਲਈ ਇੱਕ ਵਿਸ਼ੇਸ਼ ਭਾਗ ਹੁੰਦਾ ਹੈ। CPR ਜ਼ਿੰਦਗੀ ਬਚਾਉਣ ਲਈ ਇੱਕ ਬਣਾਉਟੀ ਸਹਾਇਕ ਇਲਾਜ ਹੈ ਜੋ ਕੁਝ ਪ੍ਰਸਥਿਤੀਆਂ ਵਿੱਚ ਦਿਲ ਜਾਂ ਫੇਫੜਿਆਂ ਨੂੰ ਮੁੜ ਤੋਂ ਸ਼ੁਰੂ ਕਰ ਸਕਦਾ ਹੈ। CPR ਅੱਗੇ ਤੱਕ ਵੱਧ ਚੁੱਕੀਆਂ ਪੇਚੀਦਾ ਸਿਹਤ ਸਮੱਸਿਆਵਾਂ ਤੋਂ ਪ੍ਰਭਾਵਿਤ ਲੋਕਾਂ ਵਿੱਚ ਬਹੁਤ ਘੱਟ ਸਫਲ ਹੁੰਦੀ ਹੈ ਅਤੇ ਇਹ ਉਨ੍ਹਾਂ ਲੋਕਾਂ ਲਈ ਅਸਰ ਨਹੀਂ ਕਰਦੀ ਜੋ ਸੁਭਾਵਿਕ ਰੂਪ ਵਿੱਚ ਮਰ ਰਹੇ ਹੁੰਦੇ ਹਨ। ਜੇ CPR ਤੁਹਾਡੇ ਲਈ ਫਾਇਦੇ ਤੋਂ ਜ਼ਿਆਦਾ ਨੁਕਸਾਨ ਕਰੇਗੀ ਤਾਂ ਇਸ ਬਾਰੇ ਤੁਹਾਨੂੰ ਦੱਸ ਦਿੱਤਾ ਜਾਵੇਗਾ। ਕੁਝ ਮਰੀਜ਼ ਆਪਣੇ ਆਪ ਹੀ ਇਹ ਫੈਸਲਾ ਕਰਦੇ ਹਨ ਕਿ ਉਹ ਇਹ ਇਲਾਜ ਨਹੀਂ ਚਾਹੁੰਦੇ।

## ਜੇ ਇੱਕ ਵਿਅਕਤੀ ਵਿੱਚ ਫੈਸਲਾ ਲੈਣ ਦੀ ਸਮਰੱਥਾ ਦੀ ਘਾਟ ਹੁੰਦੀ ਹੈ ਤਾਂ ਕੀ ਹੁੰਦਾ ਹੈ?

ਤੁਸੀਂ ਉਹ ਵਿਅਕਤੀ ਹੋ ਸਕਦੇ ਹੋ ਜੋ ਉਸ ਸਮਰੱਥਾ ਦੀ ਘਾਟ (ਜਾਣਕਾਰੀ ਸਮਝਣ ਅਤੇ ਇਸ ਨੂੰ ਸੂਚਿਤ ਚੋਣਾਂ ਕਰਨ ਲਈ ਵਰਤਣ ਦੀ ਸਮਰੱਥਾ ਦੀ ਘਾਟ) ਵਾਲੇ ਵਿਅਕਤੀ ਦੀ ਦੇਖਭਾਲ ਕਰਦਾ ਹੈ। ਇਸ ਸਥਿਤੀ ਵਿੱਚ ਇੱਕ **ਰਿਸਪੈਕਟ** (**ReSPECT**) ਯੋਜਨਾ ਬਣਾਈ ਜਾਂਦੀ ਹੈ ਜਿਸ ਬਾਰੇ ਉਨ੍ਹਾਂ ਦੇ ਬਿਹਤਰੀਨ ਹਿੱਤਾਂ ਵਿੱਚ ਸਹਿਮਤੀ ਕੀਤੀ ਜਾਂਦੀ ਹੈ (ਉਨ੍ਹਾਂ ਦੇ ਸਮੁੱਚੇ ਫਾਇਦੇ ਲਈ)। ਇਹ ਮਹਿਜ਼ ਹੋਰਨਾ ਵੱਲੋਂ ਉਨ੍ਹਾਂ ਦੀ ਤਰਫ਼ੋਂ ਫੈਸਲਾ ਲੈਣਾ ਨਹੀਂ ਹੁੰਦਾ, ਬਲਕਿ ਇਹ ਉਸ ਵਿਅਕਤੀ ਨੂੰ ਜਾਣਨ ਵਾਲੇ ਉਨ੍ਹਾਂ ਨਾਲ ਚਰਚਾ ਦੀ ਇੱਕ ਪ੍ਰਕਿਰਿਆ ਹੈ ਜੋ ਇਹ ਯਕੀਨੀ ਬਣਾਉਣ ਲਈ ਹੈ ਕਿ ਉਹ ਵਿਅਕਤੀ ਜੋ ਚਾਹੁੰਦਾ ਸੀ ਯੋਜਨਾ ਨੂੰ ਜਿੰਨਾ ਸੰਭਵ ਹੋ ਸਕੇ ਉਸ ਦੇ ਨਜ਼ਦੀਕ ਰੱਖਿਆ ਜਾਵੇ।



## ਕੀ ਮੈਂ ਦੇਖ ਸਕਦਾ/ਸਕਦੀ ਹਾਂ ਕਿ ਮੇਰੇ ਬਾਰੇ ਕੀ ਲਿਖਿਆ ਹੈ?

ਹਾਂ, ਇਹ ਮਹੱਤਵਪੂਰਨ ਹੈ ਕਿ ਤੁਹਾਨੂੰ ਉਨ੍ਹਾਂ ਸਿਫ਼ਾਰਸ਼ਾਂ ਬਾਰੇ ਪਤਾ ਹੋਵੇ ਜਿਨ੍ਹਾਂ ਨੂੰ ਰਿਕਾਰਡ ਕੀਤਾ ਜਾਂਦਾ ਹੈ ਅਤੇ ਇਹ ਕਿ ਤੁਹਾਡੇ ਲਈ ਉਹ ਸੁਵਿਧਾਜਨਕ ਹੁੰਦੀਆਂ ਹਨ। ਜੇ ਤੁਹਾਡੇ **ਰਿਸਪੈਕਟ** (**ReSPECT**) ਫਾਰਮ ਨੂੰ ਤੁਹਾਡੇ ਸਿਹਤ ਰਿਕਾਰਡਾਂ ਵਿੱਚ ਰੱਖਿਆ ਜਾਂਦਾ ਹੈ ਤਾਂ ਤੁਹਾਡਾ ਇਸ ਨੂੰ ਦੇਖਣ ਲਈ ਸਵਾਗਤ ਕੀਤਾ ਜਾਂਦਾ ਹੈ - ਕਿਰਪਾ ਕਰਕੇ ਕਿਸੇ ਇੱਕ ਸਟਾਫ਼ ਮੈਂਬਰ ਤੋਂ ਪੁੱਛੋ।

## ਮੈਨੂੰ ਆਪਣਾ ਰਿਸਪੈਕਟ (ReSPECT) ਫਾਰਮ ਕਿੱਥੇ ਰੱਖਣਾ ਚਾਹੀਦਾ ਹੈ?

ਤੁਹਾਡਾ **ਰਿਸਪੈਕਟ** (**ReSPECT**) ਫਾਰਮ ਘਰ ਵਿੱਚ ਇੱਕ ਸੁਰੱਖਿਅਤ ਜਗ੍ਹਾ ਵਿੱਚ ਰੱਖਣਾ ਚਾਹੀਦਾ ਹੈ ਜਿੱਥੇ ਇੱਕ ਐਮਰਜੈਂਸੀ ਸਥਿਤੀ ਵਿੱਚ ਇਹ ਉਸ ਸਮੇਂ ਪਹੁੰਚਯੋਗ ਹੁੰਦਾ ਹੈ ਜੇ ਤੁਸੀਂ ਬਿਮਾਰ ਹੁੰਦੇ ਹੋ। ਕੁਝ ਲੋਕ ਇਸ ਨੂੰ ਦਰਵਾਜ਼ੇ ਨਾਲ ਇੱਕ ਐਮਰਜੈਂਸੀ ਫੋਲਡਰ ਵਿੱਚ ਰੱਖਣ ਦੀ ਚੋਣ ਕਰਦੇ ਹਨ।

ਜੇ ਤੁਸੀਂ ਹਸਪਤਾਲ ਆਉਂਦੇ ਹੋ ਤਾਂ ਆਪਣਾ **ਰਿਸਪੈਕਟ** (**ReSPECT**) ਫਾਰਮ ਆਪਣੇ ਨਾਲ ਲਿਆਉਣਾ ਬਹੁਤ ਮਹੱਤਵਪੂਰਨ ਹੈ।

## ਕੀ ਰਿਸਪੈਕਟ (ReSPECT) ਫਾਰਮ ਬਦਲਿਆ ਜਾ ਸਕਦਾ ਹੈ?

ਹਾਂ, ਜੇ ਤੁਹਾਡੀ ਸਿਹਤ-ਸਮੱਸਿਆ ਜਾਂ ਹਾਲਾਤ ਬਦਲਦੇ ਹਨ, ਜਾਂ ਜੇ ਤੁਸੀਂ ਕਿਸੇ ਵੀ ਕਾਰਨ ਆਪਣਾ ਮਨ ਬਦਲਣਾ ਚਾਹੁੰਦੇ ਹੋ, ਤਾਂ ਫੇਰ **ਰਿਸਪੈਕਟ** (**ReSPECT**) ਯੋਜਨਾ ਬਦਲੀ ਜਾ ਸਕਦੀ ਹੈ। ਮਹਿਜ਼ ਆਪਣੀ ਸਿਹਤ-ਸੰਭਾਲ ਟੀਮ ਦੇ ਇੱਕ ਮੈਂਬਰ ਨਾਲ ਗੱਲ ਕਰੋ।

ਜੇ ਤੁਹਾਡੇ ਕੋਲ **ਰਿਸਪੈਕਟ** (**ReSPECT**) ਬਾਰੇ ਕੋਈ ਪ੍ਰਸ਼ਨ ਹਨ ਜਾਂ ਕੁਝ ਪੁੱਛਣਾ ਹੈ ਤਾਂ ਕਿਰਪਾ ਕਰਕੇ ਆਪਣੀ ਸਿਹਤ-ਸੰਭਾਲ ਟੀਮ ਨਾਲ ਗੱਲ ਕਰੋ।

